Surrey Schools
LEADERSHIP IN LEARNING

Tel: 604.596.7733
www.surreyschools.ca

# ਹੋਮਵਰਕ
# ਸਾਰੇ ਸਿੱਖਿਆਰਥੀਆਂ ਦੀ ਮਦਦ ਕਰਨ ਵਾਲੀਆਂ ਗੱਲਾਂ

(Homework practices)

ਸਕੂਲਾਂ ਦੀ ਸ਼ੁਰੂਆਤ ਤੋਂ ਹੀ, ਹੋਮਵਰਕ ਵਿਦਿਆਰਥੀਆਂ ਦੀ ਜ਼ਿੰਦਗੀ ਦਾ ਹਿੱਸਾ ਰਿਹਾ ਹੈ। ਆਮ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਹੋਮਵਰਕ ਦਾ ਵਿਦਿਆਰਥੀਆਂ ਦੀ ਕਾਮਯਾਬੀ ਨਾਲ ਰਿਸ਼ਤਾ ਹੈ ਅਤੇ ਕਈ ਵਾਰੀ ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜ਼ਿਆਦਾ ਹੋਮਵਰਕ ਵਿਦਿਆਰਥੀਆਂ ਨੂੰ ਜ਼ਿਆਦਾ ਕਾਮਯਾਬ ਬਣਾਏਗਾ। ਪਰ 100 ਸਾਲ ਪਹਿਲਾਂ ਹੋਮਵਰਕ ਇਕ ਆਮ ਵਰਤਾਰਾ ਬਣ ਜਾਣ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਪੜ੍ਹਾਉਣ ਅਤੇ ਸਿੱਖਣ ਬਾਰੇ ਬਹੁਤ ਕੁਝ ਦਾ ਪਤਾ ਲੱਗਾ ਹੈ ਅਤੇ ਬਹੁਤ ਘੱਟ ਖੋਜ ਇਹ ਦਰਸਾਉਂਦੀ ਹੈ ਕਿ ਹੋਮਵਰਕ ਦਾ ਪ੍ਰਾਪਤੀ ਨਾਲ ਸਿੱਧ ਸੰਬੰਧ ਹੈ। ਅਸਲ ਵਿੱਚ ਬਹੁਤ ਸਾਰੀ ਤਾਜ਼ਾ ਖੋਜ ਹੋਮਵਰਕ ਬਾਰੇ ਰਵਾਇਤੀ ਸੋਚ ਨੂੰ ਚੁਣੌਤੀ ਦਿੰਦੀ ਹੈ।

ਅਧਿਐਨ ਦਸਦੇ ਹਨ ਕਿ ਖਾਸ ਕਰਕੇ ਐਲੀਮੈਂਟਰੀ ਸਕੂਲ ਵਿੱਚ ਹੋਮਵਰਕ ਦੀਆਂ ਰਵਾਇਤੀ ਅਸਾਈਨਮੈਂਟਾਂ ਵਿਦਿਆਰਥੀਆਂ ਦੀ ਪ੍ਰਾਪਤੀ ’ਤੇ ਬਹੁਤ ਥੋੜ੍ਹਾ ਜਾਂ ਕੋਈ ਵੀ ਮਹੱਤਵਪੂਰਨ ਅਸਰ ਨਹੀਂ ਪਾਉਂਦੀਆਂ। ਇਸ ਦਾ ਮਤਲਬ ਇਹ ਨਹੀਂ ਕਿ ਸਮੁੱਚੇ ਹੋਮਵਰਕ ਨੂੰ ਖਤਮ ਕਰ ਦਿੱਤਾ ਜਾਵੇ, ਸਗੋਂ ਇਸ ਦਾ ਮਤਲਬ ਇਹ ਹੈ ਕਿ ਛੋਟੀ ਉਮਰ ਦੇ ਵਿਦਿਆਰਥੀ ਉਦੋਂ ਬਿਹਤਰ ਸਿੱਖਦੇ ਹਨ ਜਦੋਂ ਉਹ ਸਿੱਖੀਆਂ ਚੀਜ਼ਾਂ ਬਾਰੇ ਗੱਲਬਾਤ ਕਰ ਸਕਦੇ ਹੋਣ ਅਤੇ ਉਨ੍ਹਾਂ ਨੂੰ ਅਧਿਆਪਕ ਦੀ ਅਗਵਾਈ ਮਿਲ ਰਹੀ ਹੋਵੇ। ਛੋਟੀ ਉਮਰ ਦੇ ਬੱਚਿਆਂ ਨੂੰ ਫਾਇਦਾ ਪਹੁੰਚਾ ਸਕਣ ਵਾਲੇ ਹੋਮਵਰਕ ਵਿੱਚ ਸ਼ਾਮਲ ਹੈ ਪੜ੍ਹਨਾ ਜਾਂ ਉਨ੍ਹਾਂ ਨੂੰ ਪੜ੍ਹ ਕੇ ਸਿਖਾਏ ਜਾਣਾ, ਪਰਿਵਾਰਕ ਵਿਚਾਰ ਵਟਾਂਦਰਾ, ਬੋਰਡ ਗੇਮਜ਼ ਖੇਡਣਾ ਜਾਂ ਮਾਪਿਆਂ ਨਾਲ ਮਿਲ ਕੇ ਖਾਣਾ ਪਕਾਉਣਾ।

ਅਧਿਐਨ ਦਸਦੇ ਹਨ ਕਿ ਸੈਕੰਡਰੀ ਪੱਧਰ ’ਤੇ ਹੋਮਵਰਕ ਦਾ ਵਿਦਿਆਰਥੀ ਦੀ ਪ੍ਰਾਪਤੀ ਨਾਲ ਸੰਬੰਧ ਹੋ ਸਕਦਾ ਹੈ, ਪਰ ਜ਼ਰੂਰੀ ਨਹੀਂ ਕਿ ਜ਼ਿਆਦਾ ਹੋਮਵਰਕ ਦਾ ਮਤਲਬ ਜ਼ਿਆਦਾ ਨੰਬਰ ਹੋਣ। ਹੋਮਵਰਕ ਲਈ ਲਾਇਆ ਗਿਆ ਸਮਾਂ ਵਿਦਿਆਰਥੀ ਦੀ ਸਿੱਖਲਾਈ ਲਈ ਏਨਾ ਮਹੱਤਵਪੂਰਨ ਨਹੀਂ ਜਿੰਨਾ ਹੋਮਵਰਕ ਲਈ ਦਿੱਤੇ ਕੰਮ ਦੀ ਕੁਆਲਟੀ ਮਹੱਤਵਪੂਰਨ ਹੈ

### *ਵਧੀਆ (ਕੁਆਲਟੀ ਵਾਲਾ)* ਹੋਮਵਰਕ ਕਿਹੜਾ ਹੈ?

- ਮਕਸਦ ਭਰਪੂਰ – ਇਹ ਕਲਾਸ ਰੂਮ ਵਿੱਚ ਪੜ੍ਹਾਈਆਂ ਚੀਜ਼ਾਂ ਨਾਲ ਸੰਬੰਧਤ ਹੁੰਦਾ ਹੈ ਅਤੇ ਬਹੁਤ ਜ਼ਿਆਦਾ ਨਹੀਂ ਹੁੰਦਾ।
- ਯੋਗ – ਇਸ ਬਾਰੇ ਚੰਗੀ ਤਰ੍ਹਾਂ ਸਮਝਾਇਆ ਗਿਆ ਹੈ ਅਤੇ ਇਸ ਨੂੰ ਪੂਰਾ ਕਰਨ ਲਈ ਬਹੁਤ ਜ਼ਿਆਦਾ ਸਮਾਂ ਨਹੀਂ ਲੱਗਦਾ।
- ਕੀਤਾ ਜਾ ਸਕਣ ਵਾਲਾ – ਸੌਖਿਆਂ ਹੀ ਸਮਝ ਆਉਣ ਵਾਲਾ, ਜਿਸ ਬਾਰੇ ਸਪਸ਼ਟ ਹੋਵੇ ਕਿ ਇਸ ਨੂੰ ਮੁਕੰਮਲ ਕਰਨ ਲਈ ਵਿਦਿਆਰਥੀ ਤੋਂ ਕੀ ਉਮੀਦ ਕੀਤੀ ਜਾਂਦੀ ਹੈ; ਇਹ ਵਿਦਿਆਰਥੀਆਂ ਨੂੰ ਸਿੱਖਿਆਰਥੀਆਂ ਵਜੋਂ ਆਪਣੇ ਆਪ ਬਾਰੇ ਚੰਗਾ ਮਹਿਸੂਸ ਕਰਾਉਂਦਾ ਹੋਵੇ।
- ਨਿੱਜੀ ਆਸ਼ਿਆਂ ਨਾਲ ਸੰਬੰਧਤ – ਇਹ ਹਰ ਵਿਦਿਆਰਥੀ ਦੇ ਸਿੱਖਣ ਦੇ ਉਦੇਸ਼ਾਂ ਨਾਲ ਪ੍ਰਸੰਗਕ ਅਤੇ ਜੁੜਿਆ ਹੋਇਆ ਹੋਵੇ।
- ਸਿੱਖਣ ਲਈ – ਇਹ ਪ੍ਰੈਕਟਿਸ ਲਈ ਹੋਵੇ, ਗਰੇਡ ਦੇਣ ਲਈ ਨਹੀਂ ਕਿਉਂਕਿ ਵਿਦਿਆਰਥੀ ਅਜੇ ਵਿਸ਼ਾ ਵਸਤੂ ਅਤੇ ਪਾਠਕ੍ਰਮ ਦੀ ਸਮਝ ਵਿੱਚ ਵਾਧਾ ਕਰ ਰਹੇ ਹੁੰਦੇ ਹਨ।

### ਮੈਂ ਆਪਣੇ ਬੱਚੇ ਦੀ ਮਦਦ ਕਿਵੇਂ ਕਰ ਸਕਦਾ/ਸਕਦੀ ਹਾਂ?

- ਹੋਮਵਰਕ ਦੀਆਂ ਅਸਾਈਨਮੈਂਟਾਂ ਬਾਰੇ ਗੱਲਬਾਤ ਕਰੋ।
- ਹੋਮਵਰਕ ਪੂਰਾ ਕਰਨ ਲਈ ਵਿਉਂਤ ਬਣਾਉਣ ਵਿੱਚ ਆਪਣੇ ਬੱਚੇ ਦੀ ਮਦਦ ਕਰੋ।
- ਹੋਮਵਰਕ ਦੀ ਸਮੱਗਰੀ ਨੂੰ ਤਰਤੀਬ ਦੇਣ ਲਈ ਮਦਦ ਦੀ ਪੇਸ਼ਕਸ਼ ਕਰੋ।
- ਆਪਣੇ ਬੱਚੇ ਨੂੰ ਹੋਮਵਰਕ ਕਰਨ ਲਈ ਢੁਕਵੀਂ ਥਾਂ ਦਿਉ।

### ਮੇਰੇ ਬੱਚੇ ਨੂੰ ਕਿੰਨਾ ਹੋਮਵਰਕ ਕਰਨਾ ਚਾਹੀਦਾ ਹੈ?

ਬੱਚੇ ਵਲੋਂ ਦਿੱਤੇ ਹੋਮਵਰਕ ’ਤੇ ਲਾਇਆ ਜਾਣ ਵਾਲਾ ਸਮਾਂ ਕਈ ਗੱਲਾਂ ’ਤੇ ਨਿਰਭਰ ਕਰਦਾ ਹੈ। ਇਕ ਹੀ ਅਸਾਈਨਮੈਂਟ ਕਰਨ ਲਈ ਕਿਸੇ ਬੱਚੇ ਨੂੰ 20 ਮਿੰਟ ਲੱਗ ਸਕਦੇ ਹਨ ਅਤੇ ਕਿਸੇ ਹੋਰ ਨੂੰ 50 ਮਿੰਟ। ਖੋਜ ਦਰਸਾਉਂਦੀ ਹੈ ਕਿ ਇੰਟਰਮੀਡੀਏਟ ਅਤੇ ਉੱਪਰਲੇ ਗਰੇਡਾਂ ਵਿੱਚ ਚੰਗੀ ਤਰ੍ਹਾਂ ਕੀਤਾ ਗਿਆ (ਕੁਆਲਟੀ ਵਾਲਾ) ਥੋੜ੍ਹਾ ਹੋਮਵਰਕ ਵਿਦਿਆਰਥੀਆਂ ਦੇ ਸਿੱਖਣ ’ਤੇ ਵੱਡਾ ਅਸਰ ਪਾਉਂਦਾ ਹੈ। ਦਿਮਾਗ ਬਾਰੇ ਕੀਤੀ ਖੋਜ ਦਰਸਾਉਂਦੀ ਹੈ ਕਿ ਸਿੱਖਣ ਦੀ ਸਿੱਖਰ ਪੱਧਰ ਦੀ ਕਾਬਲੀਅਤ ਲਈ ਵਿਹਲ ਅਤੇ ਆਰਾਮ ਮਹੱਤਵਪੂਰਨ ਹੈ। ਜਦੋਂ ਬੱਚਿਆਂ ਦੇ ਸਕੂਲ ਤੋਂ ਬਾਹਰੇ ਸਮੇਂ ਵਿੱਚ ਖੇਡਣ, ਸਾਰਥਕ ਸ਼ੁਗਲ ਅਪਨਾਉਣ, ਪਰਿਵਾਰ ਨਾਲ ਸਮਾਂ ਬਿਤਾਉਣ ਅਤੇ ਵਿਹਲ ਵਿਚਕਾਰ ਸੰਤੁਲਨ ਹੋਵੇ ਤਾਂ ਬੱਚਿਆਂ ਨੂੰ ਫਾਇਦਾ ਹੁੰਦਾ ਹੈ।

ਸ੍ਰੋਤ: *ਰੀਥਿੰਕਿੰਗ ਹੋਮਵਰਕ: ਬੈਸਟ ਪ੍ਰੈਕਟਸੀਜ਼ ਦੈਟ ਸੁਪੋਰਟ ਡਾਇਵਰਸ ਨੀਡਜ਼*, ਦੂਜਾ ਐਡੀਸ਼ਨ, ਵਲੋਂ ਕੈਥੀ ਵੈਟਰੋਟ, 2018, ਅਲੈਗਜ਼ੈਂਡਰਾ, ਵੀ ਏ: ਏ ਐੱਸ ਸੀ ਡੀ।